



# ਜਲੰਧਰ ਅਜੀਤ

ਅਜੀਤ, ਜਲੰਧਰ

ਸੋਮਵਾਰ, 9 ਦਸੰਬਰ 2024






## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ



**ਰੇਡੀਓ**

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ 10 **ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

ਮੁੱਖ ਵਾਕ ਦੀ ਕਥਾ : **9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ** ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।



ਸ਼ਾਹਕੋਟ ਵਿਖੇ ਸ੍ਰੀ ਹਨੂੰਮਾਨ ਜੀ ਦੇ ਮਹਾਂ ਜਨਮਉਤਸਵ ਸਮਾਗਮ ਮੌਕੇ ਯਦੂਵੰਸ਼ੀ ਬ੍ਰਦਰਜ਼ ਦਾ ਸਨਮਾਨ ਕਰਦੇ ਪ੍ਰਧਾਨ ਤਾਰਾ ਚੰਦ, ਸਕੱਤਰ ਪ੍ਰਦੀਪ ਡੱਬ, ਸੁਨੀਲ ਉੱਪਲ ਤੇ ਹੋਰ। (ਸੱਜੇ) ਸਮਾਗਮ ਦੌਰਾਨ ਹਾਜ਼ਰ ਵੱਡੀ ਗਿਣਤੀ 'ਚ ਸ਼ਰਧਾਲੂ। *ਤਸਵੀਰਾਂ- ਸੁਖਦੀਪ ਸਿੰਘ*

# ਸ਼ਾਹਕੋਟ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਸ੍ਰੀ ਹਨੂੰਮਾਨ ਜੀ ਦਾ 'ਮਹਾਂ ਜਨਮਉਤਸਵ' ਸਮਾਗਮ

## ਮੰਦਰ ਦੀ ਫੁੱਲਾਂ ਤੇ ਰੌਸ਼ਨੀਆਂ ਨਾਲ ਕੀਤੀ ਸੁੰਦਰ ਸਜਾਵਟ

ਸ਼ਾਹਕੋਟ, 8 ਦਸੰਬਰ (ਸੁਖਦੀਪ ਸਿੰਘ)- ਸ੍ਰੀ ਮਹਾਂਵੀਰ ਦਲ ਹਨੂੰਮਾਨ ਮੰਦਿਰ ਕਮੇਟੀ, ਸ਼ਾਹਕੋਟ ਵੱਲੋਂ ਪ੍ਰਧਾਨ ਤਾਰਾ ਚੰਦ ਦੀ ਅਗਵਾਈ ਅਤੇ ਸਮੂਹ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਸ਼ਰਧਾਲੂਆਂ ਦੇ ਸਹਿਯੋਗ ਨਾਲ ਸ੍ਰੀ ਹਨੂੰਮਾਨ ਮੰਦਿਰ ਸ਼ਾਹਕੋਟ ਵਿਖੇ ਸ੍ਰੀ ਹਨੂੰਮਾਨ ਜੀ ਦਾ ਮਹਾਂ ਜਨਮਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੌਰਾਨ ਮੰਦਿਰ ਅਤੇ ਆਸ-ਪਾਸ ਦੇ ਇਲਾਕੇ ਨੂੰ ਸੁੰਦਰ ਰੰਗ-ਬਿਰੰਗੀਆਂ ਰੌਸ਼ਨੀਆਂ ਤੇ ਫੁੱਲਾਂ ਨਾਲ ਸਜਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ 'ਚ ਸ਼ਰਧਾਲੂ ਮੰਦਿਰ 'ਚ ਨਤਮਸਤਕ ਹੋਏ। ਪੂਜਾ ਨਾਲ ਸਮਾਗਮ ਦੀ ਸ਼ੁਰੂਆਤ ਹੋਈ, ਉਪਰੰਤ ਯਦੂਵੰਸ਼ੀ ਬ੍ਰਦਰਜ਼ ਵੱਲੋਂ ਦੇਰ ਰਾਤ ਤੱਕ ਬਾਲਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਸਹਿਯੋਗੀ ਸੱਜਣਾਂ ਅਤੇ ਯਦੂਵੰਸ਼ੀ ਬ੍ਰਦਰਜ਼ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਪਤੀ ਮੌਕੇ ਆਰਤੀ ਕੀਤੀ ਗਈ ਤੇ ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਿਆ ਗਿਆ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਚੰਦ, ਸਕੱਤਰ ਪ੍ਰਦੀਪ ਡੱਬ ਅਤੇ ਸੁਨੀਲ ਉੱਪਲ ਨੇ ਸਾਰਿਆਂ ਮਹਾਂ ਜਨਮ ਉਤਸਵ ਦੀ ਵਧਾਈ ਦਿੱਤੀ ਅਤੇ ਦੱਸਿਆ ਕਿ ਮਹਾਂਜਨਮ ਉਤਸਵ ਦੇ ਸਬੰਧ 'ਚ 14 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੋਂ ਲੰਗਰ ਭੰਡਾਰਾ ਵਰਤਾਇਆ ਜਾਵੇਗਾ। ਇਸ ਮੌਕੇ ਸਾਬਕਾ ਐਮ.ਸੀ. ਡਾ. ਅਰਵਿੰਦਰ ਸਿੰਘ ਰੂਪਰਾ, ਸਾਬਕਾ ਐਮ.ਸੀ. ਜਤਿੰਦਰਪਾਲ ਸਿੰਘ ਬੱਲਾ, ਐਡਵੋਕੇਟ ਸ਼ਿਵਕਰਨ ਮਲਹੋਤਰਾ, ਐਡਵੋਕੇਟ ਪ੍ਰਣਵ ਮਲਹੋਤਰਾ, ਚੇਅਰਮੈਨ ਸ਼ਿਵ ਨਰਾਇਣ ਗੁਪਤਾ, ਕੁਲਦੀਪ ਕੁਮਾਰ ਸਚਦੇਵਾ, ਨਿਤਿਨ ਸ਼ਰਮਾ, ਪਵਨ ਜੁਨੇਜਾ, ਨਗਰ ਪੰਚਾਇਤ ਦੇ ਸਾਬਕਾ ਵਾਇਸ ਪ੍ਰਧਾਨ ਪਰਮਜੀਤ ਕੌਰ ਬਜਾਜ, ਰਾਹੁਲ ਪੰਡਿਤ, ਯਸ਼ਪਾਲ ਗੁਪਤਾ, ਰੈੱਡ ਰਿਬਨ ਕਲੱਬ ਦੇ ਪ੍ਰਧਾਨ ਰਮਨ ਗੁਪਤਾ, ਸੀ.ਐਚ.ਟੀ. ਸੁਰਿੰਦਰ ਵਿੱਗ, ਮਾ. ਵਿਜੇ ਕੁਮਾਰ ਵਿੱਗ, ਰਾਹੁਲ ਵਿੱਗ, ਵਰੁਣ ਵਿੱਗ, ਦੀਪਕ ਵਿੱਗ, ਅਮਿਤ ਮਹਿਤਾ, ਬੰਟੀ ਵਾਲੀਆ, ਅਮਿਤ ਵਿੱਗ, ਸੰਜੀਵ ਸੋਬਤੀ, ਵਿਪਨ ਪੁਰੀ, ਚਰਨਜੀਤ ਅਰੋੜਾ, 'ਆਪ' ਆਗੂ ਰੂਪ ਲਾਲ ਸ਼ਰਮਾ, ਰਾਜੀਵ ਸਹਿਗਲ, ਸੋਨੀ ਬਜਾਜ, ਮਨਜੀਤ ਕੁਮਾਰ ਦੇਦ, ਵਿਪਨ ਅਰੋੜਾ, ਗਗਨ ਵਰਮਾ, ਮਿੰਟੂ ਸਿੰਗਲਾ, ਪ੍ਰਧਾਨ ਤਾਰਾ ਚੰਦ, ਜਨਰਲ ਸਕੱਤਰ ਪ੍ਰਦੀਪ ਕੁਮਾਰ ਡੱਬ, ਸ਼ਿਵ ਸ਼ੰਭੂ ਗੁਪਤਾ, ਅਮਿਤ ਅਰੋੜਾ, ਵਿਸ਼ਾਲ ਗੋਇਲ, ਗੌਰਵ ਅਗਰਵਾਲ ਸੀ.ਏ., ਲਵਲੀ ਅਰੋੜਾ, ਗੌਤਮ ਧਵਨ, ਸੁਰਿੰਦਰ ਬੱਬੂ, ਅਮਿਤ ਅਰੋੜਾ, ਦੀਪਕ ਸੋਬਤੀ, ਭਿੰਦਾ ਮੈਸਨ ਆਦਿ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਹਾਜ਼ਰ ਸਨ।

**ਯਦੂਵੰਸ਼ੀ ਬ੍ਰਦਰਜ਼ ਨੇ ਦੇਰ ਰਾਤ ਤੱਕ ਬਾਲਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ**

**ਵੱਡੀ ਗਿਣਤੀ 'ਚ ਸ਼ਰਧਾਲੂ ਮੰਦਰ 'ਚ ਹੋਏ ਨਤਮਸਤਕ**

# ਆਦਮਪੁਰ ਪੁਲਿਸ ਵਲੋਂ 285 ਨਸ਼ੀਲੀਆਂ ਗੋਲੀਆਂ ਸਮੇਤ 2 ਵਿਅਕਤੀ ਕਾਬੂ

ਆਦਮਪੁਰ, 8 ਦਸੰਬਰ (ਹਰਪ੍ਰੀਤ ਸਿੰਘ ਰਮਨ ਦਵੇਸਰ)- ਸੀਨੀਅਰ ਉਪ ਕਪਤਾਨ ਦਿਹਾਤੀ ਹਰਕਮਲ ਪ੍ਰੀਤ ਸਿੰਘ ਖੱਖ ਦੇ ਦਿਸ਼ਾ ਨਿਰਦੇਸ਼ਾਂ ਡੀਐਸਪੀ ਕੁਲਵੰਤ ਸਿੰਘ ਆਦਮਪੁਰ ਦੀ ਅਗਵਾਈ ਹੇਠ ਥਾਣਾ ਮੁਖੀ ਇੰਸਪੈਕਟਰ ਰਵਿੰਦਰ ਪਾਲ ਸਿੰਘ ਆਦਮਪੁਰ ਸਮੇਤ ਪੁਲਿਸ ਪਾਰਟੀ ਵਲੋਂ 2 ਨੌਜਵਾਨਾਂ ਨੂੰ 285 ਨਸ਼ੀਲੀਆਂ ਗੋਲੀਆਂ ਸਮੇਤ ਗਿਰਫਤਾਰ ਕਰਨ ਦੀ ਵੱਡੀ ਸਫਲਤਾ ਪ੍ਰਾਪਤ ਕੀਤੀ ਪ੍ਰਾਪਤ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕੁਲਵੰਤ ਸਿੰਘ ਡੀਐਸਪੀ ਆਦਮਪੁਰ ਏਐਸਆਈ ਉਮੇਸ਼ ਕੁਮਾਰ ਸਮੇਤ ਪੁਲਿਸ ਪਾਰਟੀ ਵਾਹ ਬਸਿਲਸਿਲਾ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬੰਧੀ ਕਠਾਰ ਤੋਂ ਸ਼ਾਮ ਚੁਰਾਸੀ ਰੋਡ ਉੱਤੇ ਕਰੀਬ 300 ਗਜ ਸੜਕ ਦੇ ਕਿਨਾਰੇ ਖੱਬੇ ਹੱਥ ਇਕ ਕਾਰ ਨੰਬਰੀ ਅਲ ਕਰੀਜਾ ਹੰਡਈ ਥੋੜੀ ਦਿਖਾਈ ਦਿੱਤੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਚੱਲਣ ਲੱਗੀ ਨੂੰ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਵਿੱਚ ਬੈਠੇ ਕਾਰ ਚਾਲਕ ਨੂੰ ਨਾਮ ਪੁੱਛਿਆ ਤਾਂ ਉਸਨੇ ਆਪਣਾ ਨਾਮ ਕਰਨ ਕੁਮਾਰ ਪੁੱਤਰ ਗੁਰਮੀਤ ਰਾਮ ਅਤੇ ਨਾਲ ਸੀਟ ਤੇ ਬੈਠੇ ਨੌਜਵਾਨ ਨੇ ਆਪਣਾ ਨਾਮ ਰਾਜੇਸ਼ ਕੁਮਾਰ ਓਰਫ ਡਿੰਪਲ ਵਾਸੀ ਮੁਹੱਲਾ ਸੱਗਰਾਂ ਆਦਮਪੁਰ ਦੱਸਿਆ ਉਪਰੰਤ ਕਰਨ ਕੁਮਾਰ ਦੀ ਤਲਾਸ਼ ਲੈਣ ਤੇ ਉਸ ਪਾਸੋਂ 140 ਰਜੇਸ਼ ਕੁਮਾਰ ਡਿੰਪਲ ਦੀ ਤਲਾਸ਼ੀ ਲੈਣ ਉਪਰੰਤ ਉਸ ਪਾਸੋਂ 145 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ ਜਿਨ੍ਹਾਂ ਖਿਲਾਫ਼ ਮਾਮਲਾ ਦਰਜ ਕਰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਹੈ ਕਿ ਇਨ੍ਹਾਂ ਦੀਆਂ ਕਾਲ ਡਿਟੇਲਾਂ ਕਢਵਾ ਕਿ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ।



ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ 2 ਵਿਅਕਤੀ ਤੇ ਨਸ਼ੇ ਸਮੇਤ ਕਾਬੂ ਕੀਤੀ ਗੱਡੀ। *ਤਸਵੀਰ ਹਰਪ੍ਰੀਤ ਸਿੰਘ*

# ਬਲੱਡ ਡੋਨਰਜ਼ ਕਲੱਬ ਮਹਿਤਪੁਰ ਵਲੋਂ ਖ਼ੂਨਦਾਨ ਕੈਂਪ ਲਗਾਇਆ, 60 ਯੂਨਿਟ ਖ਼ੂਨ ਦਾਨ

ਮਹਿਤਪੁਰ, 8 ਦਸੰਬਰ (ਹਰਜਿੰਦਰ ਸਿੰਘ ਚੰਦੀ)-ਬਲੱਡ ਡੋਨਰਜ ਕਲੱਬ ਮਹਿਤਪੁਰ ਦੇ ਪ੍ਰਧਾਨ ਗੁਰਨਾਮ ਸਿੰਘ ਮਹਿਸਮਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਲਾਕੇ ਦੇ ਸਮਾਜਸੇਵੀ ਸਾਥੀਆਂ ਦੀ ਮੱਦਦ ਸਦਕਾ ਮਹਿਤਪੁਰ ਬੱਸ ਸਟੈਂਡ ਤੇ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਖੂਨਦਾਨੀ ਵੀਰਾਂ ਵਲੋਂ 60 ਯੂਨਿਟ ਖੂਨ ਦਾਨ ਕੀਤਾ ਗਿਆ। ਇਸ ਮੌਕੇ ਬਲੱਡ ਡੋਨਰਜ ਕਲੱਬ ਵਲੋਂ ਖੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜ ਸੇਵੀ ਸਾਥੀ ਮਹਿੰਦਰ ਪਾਲ ਸਿੰਘ ਟੁਰਨਾ, ਸੁਰਿੰਦਰ ਸਿੰਘ ਨਕੋਦਰ, ਗੁਰਪ੍ਰੀਤ ਸਿੰਘ ਖਾਲਸਾ, ਹਰਜਿੰਦਰ ਸਿੰਘ ਇਸਮਾਇਲ ਪੁਰ, ਕੁਲਦੀਪ ਸਿੰਘ ਆੜਤੀ, ਸੁਰਜੀਤ ਸਿੰਘ ਡੱਲਾ, ਬੀ ਐੱਸ ਮਠਾੜੂ, ਹਰਜਿੰਦਰ ਸਿੰਘ ਭੋਲਾ ਹਾਜ਼ਰ ਸਨ। ਇਸ ਮੌਕੇ ਖੂਨ ਗਰੁੱਪ ਟੈਸਟ ਅਤੇ ਐਚ ਬੀ ਗਰੁੱਪ ਦੇ ਫ੍ਰੀ ਟੈਸਟ ਕੀਤੇ ਗਏ।



ਸ਼ਾਹਕੋਟ ਵਿਖੇ ਮੀਟਿੰਗ ਦੌਰਾਨ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ (ਸੱਜੇ) ਟਾਂਡਾ ਦੇ ਵਿਧਾਇਕ ਜਸਵੀਰ ਸਿਘ ਗਿੱਲ ਦਾ ਸਵਾਗਤ ਕਰਦੇ ਹੋਏ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਹਰਜਿੰਦਰ ਸਿੰਘ ਸੀਚੇਵਾਲ ਤੇ ਹੋਰ ਆਗੂ। *ਤਸਵੀਰਾਂ- ਸੁਖਦੀਪ ਸਿੰਘ*

# 'ਆਪ' ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਯਤਨਸ਼ੀਲ- ਕਟਾਰੂਚੱਕ

## ਕਿਹਾ, ਪਾਰਟੀ ਵਰਕਰ ਇਕਜੁੱਟ ਹੋ ਕੇ ਨਗਰ ਪੰਚਾਇਤ ਚੋਣਾਂ 'ਚ 'ਆਪ' ਉਮੀਦਵਾਰਾਂ ਦਾ ਸਾਥ ਦੇਣ

ਸ਼ਾਹਕੋਟ, 8 ਦਸੰਬਰ (ਸੁਖਦੀਪ ਸਿੰਘ)- ਨਗਰ ਪੰਚਾਇਤ ਸ਼ਾਹਕੋਟ ਦੀਆਂ ਚੋਣਾਂ ਨੂੰ ਲੈ ਕੇ 'ਆਪ' ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਦੀ ਅਗਵਾਈ 'ਚ ਪਾਰਟੀ ਆਗੂਆਂ ਤੇ ਵਰਕਰਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਉਚੇਚੇ ਤੌਰ 'ਤੇ ਪੰਜਾਬ ਦੇ ਖੁਰਾਕ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਪਹੁੰਚੇ। ਉਨ੍ਹਾਂ ਤੋਂ ਇਲਾਵਾ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਗਿੱਲ, ਪਾਰਟੀ ਦੇ ਜ਼ਿਲ੍ਹਾ ਇੰਚਾਰਜ ਸਟੀਵਨ ਕਲੇਰ, ਜ਼ਿਲ੍ਹਾ ਸਕੱਤਰ ਗੁਰਿੰਦਰ ਸਿੰਘ ਸ਼ੇਰਗਿੱਲ, ਵਾਇਸ ਚੇਅਰਮੈਨ ਬੈਕਫਿੰਕੋ ਪੰਜਾਬ ਹਰਜਿੰਦਰ ਸਿੰਘ ਸੀਚੇਵਾਲ, ਸੂਬਾ ਵਾਇਸ ਪ੍ਰਧਾਨ ਐਸ.ਸੀ. ਵਿੰਗ ਜਸਵੀਰ ਸਿੰਘ ਜਲਾਲਪੁਰੀ ਆਦਿ ਵੀ ਚੋਣਾਂ ਦੇ ਸਬੰਧ 'ਚ ਮੀਟਿੰਗ ਵਿਚ ਸ਼ਾਮਲ ਹੋਏ। ਇਸ ਮੌਕੇ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਸਾਰੇ ਪਾਰਟੀ ਆਗੂ ਤੇ ਵਰਕਰ ਇੱਕਜੁੱਟ ਹੋ ਕੇ ਸਾਫ਼-ਸੁਥਰੇ ਢੰਗ ਨਾਲ ਨਗਰ ਪੰਚਾਇਤ ਦੀਆਂ ਚੋਣਾਂ ਲੜਨ। ਜੇਕਰ ਕਿਸੇ ਵਾਰਡ 'ਚ ਇੱਕ ਤੋਂ ਜ਼ਿਆਦਾ ਦਾਅਵੇਦਾਰ ਹਨ ਤਾਂ ਪਾਰਟੀ ਜਿਸਨੂੰ ਵੀ ਟਿਕਟ ਦੇਵੇ, ਉਸਦਾ ਸਾਰੇ ਸਾਥ ਦੇਣ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਤੇ ਲੋਕ ਵੀ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹਨ। ਇਸ ਮੌਕੇ ਹਲਕਾ ਇੰਚਾਰਜ ਪਿੰਦਰ ਪੰਡੋਰੀ ਨੇ ਕਿਹਾ ਕਿ ਸ਼ਾਹਕੋਟ 'ਚ ਨਗਰ ਪੰਚਾਇਤ ਚੋਣਾਂ ਦੀ ਪਾਰਟੀ ਨੇ ਪੂਰੀ ਤਿਆਰੀ ਕੀਤੀ ਹੋਈ ਹੈ ਤੇ ਸਾਰੇ ਵਾਰਡਾਂ 'ਚੋਂ 'ਆਪ' ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ। ਇਸ ਮੌਕੇ ਸ਼ਹਿਰੀ ਪ੍ਰਧਾਨ ਮਨੋਜ ਅਰੋੜਾ, ਫਾਉਂਡਰ ਮੈਂਬਰ ਰੂਪ ਲਾਲ ਸ਼ਰਮਾ, ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਵੀਰ ਸਿੰਘ ਢੰਡੋਵਾਲ, ਲੋਹੀਆਂ ਦੇ ਚੇਅਰਮੈਨ ਸਰਬਜੀਤ ਸਿੰਘ ਚਤਰੱਥ, ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਮਨਦੀਪ ਸਿੰਘ ਸ਼ੀਤਾ, ਸਾਬਕਾ ਐਮ.ਸੀ. ਜਤਿੰਦਰਪਾਲ ਸਿੰਘ ਬੱਲਾ, ਕੁਲਦੀਪ ਸਿੰਘ ਦੀਦ, ਬਲਜਿੰਦਰ ਸਿੰਘ ਖਿੰਡਾ, ਨਵਨੀਤ ਸਿੰਘ ਸਹੋਤਾ, ਰਾਜ ਕੁਮਾਰ ਬਾਂਸਲ, ਬੂਟਾ ਸਿੰਘ ਕਲਸੀ, ਨਵਜੋਤ ਕੌਰ ਸਹੋਤਾ, ਰਾਖੀ ਮੱਟੂ, ਸਰੋਜ ਢੰਡ, ਰਕਸ਼ਾ ਬਾਂਸਲ, ਸਵਿੰਦਰ ਸਿੰਘ ਸੋਨੂੰ, ਰਾਜ ਕੁਮਾਰ ਰਾਜੂ, ਦਿਆਲਾ ਗਿੱਲ, ਸੁੱਚਾ ਗਿੱਲ, ਸੰਜਨਾ ਅਰੋੜਾ, ਮੰਗਾ ਮੱਟੂ, ਮਮਤਾ ਸ਼ਰਮਾ ਆਦਿ ਸਮੇਤ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਸਨ।

**ਸ਼ਾਹਕੋਟ ਨਗਰ ਪੰਚਾਇਤ ਚੋਣਾਂ ਨੂੰ ਲੈ ਕੇ ਕੀਤੀ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ**

# ਰਸ਼ੀਆ-ਯੂਕਰੇਨ ਜੰਗ 'ਚੋਂ 8 ਮਹੀਨਿਆਂ ਬਾਅਦ ਪਰਤੇ ਨੌਜਵਾਨ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਕੀਤੇ ਖੁਲਾਸੇ

## ਰਸ਼ੀਅਨ ਆਰਮੀ 'ਚ ਅਜੇ ਵੀ 25 ਤੋਂ ਵੱਧ ਭਾਰਤੀ ਜਬਰਨ ਫੌਜ 'ਚ ਕੰਮ ਕਰਨ ਲਈ ਮਜਬੂਰ

ਮਲਸੀਆਂ, 8 ਦਸੰਬਰ (ਸੁਖਦੀਪ ਸਿੰਘ)- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾ ਸਦਕਾ ਰਸ਼ੀਆ-ਯੂਕਰੇਨ ਦੀ ਜੰਗ 'ਚੋਂ 8 ਮਹੀਨਿਆਂ ਬਾਅਦ ਪਰਤੇ ਨੌਜਵਾਨ ਰਾਕੇਸ਼ ਯਾਦਵ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਖੁਲਾਸੇ ਕੀਤੇ ਹਨ। ਉੱਥੇ ਯੂਕਰੇਨ ਵੱਲੋਂ ਡਰੋਨ ਨਾਲ ਕੀਤੇ ਹਮਲੇ ਦੌਰਾਨ ਹੋਈ ਬੰਬਮਾਰੀ 'ਚ ਉਸਦੇ ਇਕ ਸਾਥੀ ਦੀ ਮੌਤ ਹੋ ਗਈ ਸੀ। ਉਸਦੀ ਜਾਨ ਸਿਰਫ਼ ਇਸ ਕਾਰਨ ਬਚੀ ਕਿਉਂਕਿ ਉਸਨੇ ਡਰੋਨ ਨੂੰ ਦੇਖਦਿਆਂ ਹੀ ਉੱਥੇ ਬਣੇ ਬੰਕਰ 'ਚ ਛਾਲ ਮਾਰ ਦਿੱਤੀ। ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਉਸਨੇ ਦੱਸਿਆ ਕਿ ਉੱਥੇ ਉਸਦੇ ਇੱਕ ਸਾਥੀ ਦੀ ਮੌਤ ਗ੍ਰਨੇਡ ਫੱਟਣ ਕਾਰਨ 17 ਜੂਨ, 2024 ਨੂੰ ਹੋ ਗਈ ਸੀ। ਹੈਰਾਨੀ ਇਸ ਗੱਲ ਦੀ ਸੀ ਕਿ ਰਸ਼ੀਅਨ ਆਰਮੀ 'ਚ ਫੌਤ ਹੋਏ ਉਸਦੇ ਸਾਥੀ ਦੀ ਮੌਤ ਦੀ ਖ਼ਬਰ 6 ਮਹੀਨਿਆਂ ਬਾਅਦ ਰਸ਼ੀਅਨ ਆਥਰਟੀ ਵੱਲੋਂ ਕੁੱਝ ਦਿਨ ਪਹਿਲਾਂ ਉਸਦੇ ਪਰਿਵਾਰ ਨੂੰ ਦਿੱਤੀ ਗਈ। ਸੰਤ ਸੀਚੇਵਾਲ ਨੂੰ ਮਿਲਣ ਰੂਸ ਤੋਂ ਵਾਪਸ ਆਏ ਨਰੇਸ਼ ਯਾਦਵ ਅਤੇ ਪੰਜ ਪਰਿਵਾਰ ਪਹੁੰਚੇ, ਜਿਹਨਾਂ ਦੇ ਬੱਚੇ ਅਜੇ ਵੀ ਉੱਥੇ ਫਸੇ ਹੋਏ ਹਨ। ਸੰਤ ਸੀਚੇਵਾਲ ਨੇ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਸੰਬੰਧੀ ਮਾਮਲੇ ਨੂੰ ਵਿਦੇਸ਼ ਮੰਤਰਾਲੇ ਤੱਕ ਪਹੁੰਚਾਉਣਗੇ ਅਤੇ ਪਾਰਲੀਮੈਂਟ ਦੇ ਚੱਲ ਰਹੇ ਸੈਸ਼ਨ 'ਚ ਵੀ ਮਾਮਲੇ ਨੂੰ ਉਠਾਉਣ ਦਾ ਯਤਨ ਕਰਨਗੇ। ਰਾਕੇਸ਼ ਯਾਦਵ ਨੇ ਦੱਸਿਆ ਕਿ ਉਸਨੂੰ ਤੇ ਉਸਦੇ ਨਾਲ 5 ਦੇ ਕਰੀਬ ਹੋਰ ਸਾਥੀਆਂ ਨੂੰ 8 ਮਹੀਨੇ ਪਹਿਲਾਂ ਏਜੰਟ ਵੱਲੋਂ ਹੋਮ ਗਾਰਡ ਦੀ ਨੌਕਰੀ ਦਾ ਕਹਿ ਉੱਥੇ ਬੁਲਾਇਆ ਗਿਆ, ਪਰ ਉੱਥੇ ਪਹੁੰਚਦਿਆਂ ਹੀ ਉਹਨਾਂ ਨੂੰ ਜ਼ਬਰਨ ਰਸ਼ੀਅਨ ਆਰਮੀ 'ਚ ਭਰਤੀ ਕਰਵਾ ਦਿੱਤਾ ਤੇ ਉਹਨਾਂ ਕੋਲੋਂ ਰਸ਼ੀਅਨ ਭਾਸ਼ਾ 'ਚ ਬਣੇ ਦਸਤਾਵੇਜ਼ 'ਤੇ ਦਸਤਖ਼ਤ ਕਰਵਾ ਲਏ। ਨਾਂਹ ਕਰਨ 'ਤੇ ਉਸ ਨਾਲ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਗਈ। ਸਿਖਲਾਈ ਤੋਂ ਬਾਅਦ ਉਹਨਾਂ ਨੂੰ ਰੂਸ-ਯੂਕਰੇਨ ਵਿਚਾਲੇ ਜੰਗ ਦੇ ਮੈਦਾਨ 'ਚ ਝੋਕ ਦਿੱਤਾ। ਉੱਥੇ ਬੰਬ ਧਮਾਕੇ ਦੌਰਾਨ ਉਸਦੀ ਬਾਂਹ ਵੀ ਜ਼ਖਮੀ ਹੋ ਗਈ। ਰਾਕੇਸ਼ ਯਾਦਵ ਨੇ ਦੱਸਿਆ ਕਿ ਉੱਥੇ ਏਜੰਟਾਂ ਵੱਲੋਂ ਉਹਨਾਂ ਦੇ ਜ਼ਬਰਨ ਬੈਂਕ ਵਿੱਚ ਖਾਤੇ ਖੁਲਵਾਏ ਗਏ, ਜਿਹਨਾਂ ਦੇ ਪਿੰਨ ਕੋਡ ਤੱਕ ਵੀ ਉਹਨਾਂ ਦੇ ਏਜੰਟਾਂ ਕੋਲ ਸੀ। ਉਸਦੇ ਖਾਤੇ 'ਚੋਂ 45 ਲੱਖ ਦੇ ਕਰੀਬ ਦੀ ਰਕਮ ਏਜੰਟਾਂ ਵੱਲੋਂ ਕੱਢਵਾ ਲਈ, ਜੋ ਉਸਨੂੰ ਆਰਮੀ 'ਚ ਰਹਿੰਦਿਆਂ ਤਨਖ਼ਾਹ ਤੇ ਸੱਟ ਦੌਰਾਨ ਸਰਕਾਰ ਵੱਲੋਂ ਦਿੱਤਾ ਗਿਆ ਸੀ। ਅਜਿਹਾ ਸਿਰਫ਼ ਉਸ ਨਾਲ ਹੀ ਨਹੀਂ, ਸਗੋਂ ਆਰਮੀ 'ਚ ਕੰਮ ਕਰ ਰਹੇ ਸਾਰੇ ਭਾਰਤੀਆਂ ਨਾਲ ਕੀਤਾ ਗਿਆ। ਰਾਕੇਸ਼ ਯਾਦਵ ਨਾਲ ਪੰਜਾਬ, ਪੂਨੇ, ਕਸ਼ਮੀਰ ਅਤੇ ਯੂ.ਪੀ ਦੇ ਰਹਿਣ ਵਾਲੇ 5 ਹੋਰ ਵੀ ਪਰਿਵਾਰ ਆਏ ਸਨ, ਜਿੰਨ੍ਹਾਂ ਨੇ ਸੰਤ ਸੀਚੇਵਾਲ ਨੂੰ ਮੰਗ ਪੱਤਰ ਸੌਂਪਦਿਆਂ ਰੂਸੀ ਫੌਜ 'ਚ ਫਸੇ ਆਪਣੇ ਬੱਚਿਆਂ ਦੀ ਵਾਪਸੀ ਲਈ ਮੱਦਦ ਦੀ ਗੁਹਾਰ ਲਗਾਈ। ਸੰਤ ਸੀਚੇਵਾਲ ਨੇ ਭਾਰਤ ਸਰਕਾਰ ਤੇ ਖਾਸਕਰ ਵਿਦੇਸ਼ ਮੰਤਰੀ ਜੈਸ਼ੰਕਰ ਦਾ ਧੰਨਵਾਦ ਕੀਤਾ। ਉਹਨਾਂ ਭਾਰਤ ਸਰਾਕਰ ਤੇ ਵਿਦੇਸ਼ ਮੰਤਰਾਲੇ ਕੋਲੋਂ ਰਹਿੰਦੇ ਭਾਰਤੀਆਂ ਨੂੰ ਜਲਦ ਤੋਂ ਜਲਦ ਵਾਪਸ ਲਿਆਉਣ, ਇਸ ਗਿਰੋਹ 'ਚ ਸ਼ਾਮਲ ਏਜੰਟਾਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਨੌਜਵਾਨਾਂ ਨੂੰ ਹੱਕ ਦੀ ਕਮਾਈ ਦਿਵਾਉਣ ਦੀ ਅਪੀਲ ਕੀਤੀ।



ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਦੌਰਾਨ ਰਾਕੇਸ਼ ਯਾਦਵ ਤੇ ਹੋਰ। *ਤਸਵੀਰ- ਸੁਖਦੀਪ ਸਿੰਘ*

**ਸੰਤ ਸੀਚੇਵਾਲ ਤੋਂ ਰੂਸ ਫੌਜ 'ਚ ਫਸੇ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਵਾਪਸੀ ਲਈ ਲਗਾਈ ਗੁਹਾਰ**




ਆਪੀ ਹਸਪਤਾਲ ਕਰਤਾਰਪੁਰ ਵਲੋਂ ਲਗਾਏ ਮੈਡੀਕਲ ਕੈਂਪ ਦਾ ਉਦਘਾਟਨ ਕਰਦੇ ਹੋਏ ਸਰਪੰਚ ਰਣਜੀਤ ਕੌਰ ਨਾਲ ਮੈਡਮ ਸੁਮਨ ਲਤਾ ਕਲਹਣ ਤੇ ਸਟਾਫ ਆਦਿ।

# ਆਪੀ ਚੈਰੀਟੇਬਲ ਹਸਪਤਾਲ ਨੇ ਲਗਾਇਆ ਨਾਹਰਪੁਰ 'ਚ ਮੁਫ਼ਤ ਮੈਡੀਕਲ ਕੈਂਪ

ਕਰਤਾਰਪੁਰ, 8 ਦਸੰਬਰ (ਭਜਨ ਸਿੰਘ)- ਸਮਾਜ ਸੇਵੀ ਸੰਸਥਾ ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਲੋਂ ਮੁਫ਼ਤ ਮੈਡੀਕਲ ਚੈੱਕ ਅੱਪ ਕੈਂਪ ਸ੍ਰੀਮਤੀ ਰਾਜ ਭਾਰਦਵਾਜ ਸਪੁੱਤਰੀ ਪੰਡਿਤ ਤੇਲੂਰਾਮ ਕਲੱਹਣ ਕਨੇਡਾ ਵਲੋਂ ਆਪਣੀ ਪੋਤਰੀ ਮਿਸ ਸਲਿਨਾ ਦੇ ਜਨਮ ਦਿਨ ਦੇ ਮੌਕੇ 'ਤੇ ਪਿੰਡ ਨਾਹਰਪੁਰ ਵਿਖੇ ਲਗਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਅੱਪ, ਸੂਗਰ ਤੇ ਬੀ ਪੀ ਦੇ ਟੈਸਟ ਕੀਤੇ ਗਏ। ਮੈਡੀਕਲ ਕੈਂਪ ਦਾ ਉਦਘਾਟਨ ਸਰਪੰਚ ਰਣਜੀਤ ਕੌਰ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆ ਅਤੇ ਮੈਡਮ ਸੁਮਨ ਲਤਾ ਕਲਹਣ ਵਲੋਂ ਮਰੀਜ਼ਾਂ ਨੂੰ ਫਰੂਟ ਵੰਡਿਆ ਗਿਆ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ, ਪ੍ਰਧਾਨ ਬਿਮਲ ਜੈਨ, ਦਲੀਪ ਸਿੰਘ ਮੁਲਤਾਨੀ, ਗੁਰਮੀਤ ਕੌਰ, ਸਰਪੰਚ ਰਣਜੀਤ ਕੌਰ, ਅਮਰਜੀਤ ਸਿੰਘ, ਡਾ. ਮੋਹਿਤ ਮਮੋਤਰਾ, ਡਾ.ਅਰਸ਼ਪ੍ਰੀਤ ਕੌਰ ਤੇ ਆਪੀ ਹਸਪਤਾਲ ਦਾ ਸਟਾਫ ਤੇ ਪਿੰਡ ਵਾਸੀ ਆਦਿ ਹਾਜ਼ਰ ਸਨ।



ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਲੋਂ ਪਿੰਡ ਨਾਹਰਪੁਰ ਵਿਖੇ ਲਗਾਏ ਕੈਂਪ ਵਿੱਚ ਡਾਕਟਰ ਮਰੀਜ਼ਾਂ ਦੀ ਜਾਂਚ ਕਰਦੇ ਹੋਏ ਨਾਲ ਮੈਡਮ ਸੁਮਨ ਲਤਾ ਕਲਹਣ ਤੇ ਪਿੰਡ ਵਾਸੀ। *ਤਸਵੀਰਾਂ - ਧੀਰਪੁਰ*

## ਮਾਮਲਾ ਤਰੱਕੀ ਲੈਣ ਵਾਲੇ ਅਧਿਆਪਕਾਂ ਨੂੰ ਦੂਰ-ਦੁਰਾਡੇ ਸਟੇਸ਼ਨ ਦੇਣ ਦਾ

# ਸੰਘਰਸ਼ ਦੀ ਬਦੌਲਤ ਡੀ.ਟੀ.ਐੱਫ. ਦੀ ਸਿੱਖਿਆ ਮੰਤਰੀ ਨਾਲ ਮੀਟਿੰਗ ਕੱਲ੍ਹ

ਸ਼ਾਹਕੋਟ, 8 ਦਸੰਬਰ (ਦਲਜੀਤ ਸਿੰਘ ਸਚਦੇਵਾ)- ਪਿਛਲੇ ਲੰਮੇ ਸਮੇਂ ਤੋਂ ਵਿਭਾਗੀ ਤਰੱਕੀਆਂ ਦੀ ਉਡੀਕ ਕਰਦੇ ਅਧਿਆਪਕਾਂ ਨੂੰ ਲੰਮੀ ਖੱਜਲ ਖ਼ੁਆਰੀ ਤੋਂ ਬਾਅਦ ਦੂਰ ਦੁਰਾਡੇ ਸਟੇਸ਼ਨਾਂ 'ਤੇ ਮਿਲੀਆਂ ਤਰੱਕੀਆਂ ਖ਼ਿਲਾਫ਼ ਸਮੁੱਚੇ ਅਧਿਆਪਕ ਵਰਗ ਵਿਚ ਰੋਸ ਪਾਇਆ ਜਾ ਰਿਹਾ ਹੈ। ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵਲੋਂ ਅਧਿਆਪਕ ਵਰਗ ਦੀ ਇਸ ਹੱਕੀ ਅਤੇ ਜਾਇਜ਼ ਮੰਗ 'ਤੇ ਸੰਘਰਸ਼ ਦੇ ਫ਼ੈਸਲੇ ਨੇ ਇਨ੍ਹਾਂ ਅਧਿਆਪਕਾਂ ਦੇ ਰੋਹ ਨੂੰ ਹੋਰ ਪ੍ਰਚੰਡ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਤੇ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਇਸ ਵਰਤਾਰੇ ਦੀ ਤਿੱਖੀ ਅਲੋਚਨਾ ਕਰਦਿਆਂ ਦੱਸਿਆ ਕਿ ਜਥੇਬੰਦੀ ਵਲੋਂ ਪਹਿਲਾਂ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਦੂਰ ਦੁਰਾਡੇ ਕਰਨ ਖ਼ਿਲਾਫ਼ ਡਾਇਰੈਕਟਰ ਸੈਕੰਡਰੀ ਸਿੱਖਿਆ ਕੋਲ ਰੋਸ ਜ਼ਾਹਿਰ ਕੀਤਾ ਗਿਆ ਸੀ। ਹੁਣ ਈ.ਟੀ.ਟੀ ਤੇ ਪੀ.ਟੀ.ਆਈ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਕਰਨ ਸਮੇਂ ਵੀ ਸਿੱਖਿਆ ਵਿਭਾਗ ਵੱਲੋਂ ਜ਼ੁਬਾਨੀ ਕਲਾਮੀ ਨੀਤੀ ਰਾਹੀਂ ਸਕੂਲ ਆਫ ਐਮੀਨੈਂਸ ਤੇ ਵੱਧ ਗਿਣਤੀ ਵਾਲੇ ਸਕੂਲਾਂ ਨੂੰ ਭਰਨ ਦਾ ਪੱਤਾ ਖੇਡਦਿਆਂ ਪਿੱਤਰੀ ਜ਼ਿਲਿਆਂ ਤੋਂ ਬਾਹਰ ਦੂਰ-ਦੁਰਾਡੇ ਸਟੇਸ਼ਨ ਦਿੱਤੇ ਗਏ। ਇਸ ਧੱਕੇਸ਼ਾਹੀ ਖ਼ਿਲਾਫ਼ ਜਥੇਬੰਦੀ ਵਲੋਂ 29 ਨਵੰਬਰ ਨੂੰ ਵਿੱਦਿਆ ਭਵਨ ਮੁਹਾਲੀ ਦੇ ਗੇਟ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਅਤੇ ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਦੱਸਿਆ ਕਿ ਤਰੱਕੀ ਨੀਤੀ ਖ਼ਿਲਾਫ਼ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 8 ਦਸੰਬਰ ਨੂੰ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਵੱਲ ਰੋਸ ਮਾਰਚ ਕੀਤਾ ਜਾਣਾ ਸੀ, ਪ੍ਰੰਤੂ ਵਿਧਾਨ ਸਭਾ ਸਪੀਕਰ ਸੰਧਵਾਂ ਵਲੋਂ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਤੇ ਜ਼ਿਲ੍ਹਾ ਸਕੱਤਰ ਗਗਨ ਪਾਹਵਾ ਦੀ ਅਗਵਾਈ ਹੇਠ ਫਰੀਦਕੋਟ ਜ਼ਿਲ੍ਹੇ ਦੇ ਆਗੂਆਂ ਨੂੰ ਗੱਲਬਾਤ ਲਈ ਬੁਲਾਇਆ ਤੇ ਸਿੱਖਿਆ ਮੰਤਰੀ ਨਾਲ 10 ਦਸੰਬਰ ਦੀ ਮੀਟਿੰਗ ਤੈਅ ਕਰਵਾਈ। ਇਸ ਤੋਂ ਬਿਨਾਂ ਮੌਕੇ 'ਤੇ ਹੀ ਡਾਇਰੈਕਟਰ ਸੈਕੰਡਰੀ ਸਿੱਖਿਆ ਨੂੰ ਨਵੇਂ ਪਦਉੱਨਤ ਹੋਏ ਅਧਿਆਪਕਾਂ ਦੇ ਜੁਆਇਨ ਕਰਨ ਸੰਬੰਧੀ ਇਕ ਮਹੀਨੇ ਦਾ ਵਾਧੂ ਸਮਾਂ ਦੇਣ ਦਾ ਪੱਤਰ ਜਾਰੀ ਕਰਨ ਨੂੰ ਕਿਹਾ ਗਿਆ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਮੀਟਿੰਗ ਦੌਰਾਨ ਸਾਰਥਕ ਨਤੀਜੇ ਨਾ ਨਿਕਲੇ ਤਾਂ 12 ਦਸੰਬਰ ਨੂੰ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਤੋਂ ਬਾਅਦ 22 ਦਸੰਬਰ ਨੂੰ ਮੁੜ ਸੰਧਵਾਂ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਦਲਜੀਤ ਸਮਰਾਲਾ, ਰੇਸ਼ਮ ਬਠਿੰਡਾ, ਬਲਰਾਮ ਜ਼ੀਰਾ, ਕਰਮਜੀਤ ਤਾਮਕੋਟ, ਜਗਵਿੰਦਰ ਸਿੰਘ, ਸੁਖਪਾਲ ਜੀਤ ਮੋਗਾ, ਸਬੀਰ ਖ਼ਾਨ, ਹਰਭਗਵਾਨ ਗੁਰਨੇ, ਚਰਨਜੀਤ ਕਪੂਰਥਲਾ, ਸੁਖਵਿੰਦਰਪ੍ਰੀਤ ਸਿੰਘ ਜਲੰਧਰ, ਦਾਤਾ ਸਿੰਘ ਨਮੋਲ ਆਦਿ ਹਾਜ਼ਰ ਸਨ।

**ਮਸਲਾ ਹੱਲ ਨਾ ਹੋਣ 'ਤੇ 22 ਨੂੰ ਧਰਨੇ ਦੀ ਮੁੜ ਦਿੱਤੀ ਚਿਤਾਵਨੀ**



ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਜਲੰਧਰ ਇਕਾਈ ਦੇ ਨਵ-ਨਿਯੁਕਤ ਮੁੱਖ ਕੋਆਰਡੀਨੇਟਰ ਜੋਗਿੰਦਰ ਸਿੰਘ ਸੈਣੀ ਤੇ ਹੋਰਨਾਂ ਅਹੁਦੇਦਾਰਾਂ ਨੂੰ ਸਨਮਾਨਿਤ ਕਰਦੇ ਹੋਏ ਲਵਲੀਨ ਸਿੰਘ ਸੈਣੀ ਤੇ ਹੋਰ ਪ੍ਰਮੁੱਖ ਆਗੂ। *ਅਜੀਤ ਤਸਵੀਰ*

# ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਜਲੰਧਰ ਇਕਾਈ ਦਾ ਗਠਨ

ਜਲੰਧਰ, 8 ਦਸੰਬਰ (ਜਸਪਾਲ ਸਿੰਘ)- ਸੈਣੀ ਸਮਾਜ ਦੀ ਇਕ ਵਿਸ਼ੇਸ਼ ਮੀਟਿੰਗ ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਦੇ ਪ੍ਰਧਾਨ ਕਾਮਰੇਡ ਲਵਲੀਨ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ, ਜਿਸ ਵਿਚ ਜਲੰਧਰ 'ਚ ਸੈਣੀ ਸਮਾਜ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਜਲੰਧਰ ਇਕਾਈ ਵਲੋਂ ਜਨਰਲ ਕਮੇਟੀ ਦਾ ਗਠਨ ਕੀਤਾ ਗਿਆ, ਜਿਸ 'ਚ ਜੋਗਿੰਦਰ ਸਿੰਘ ਸੈਣੀ ਨੂੰ ਮੁੱਖ ਕੋਆਰਡੀਨੇਟਰ ਬਣਾਇਆ ਗਿਆ, ਜਦਕਿ ਕੋਆਰਡੀਨੇਟਰ ਸਮਾਜ ਸੇਵੀ ਜਸਵਿੰਦਰ ਸਿੰਘ ਸੈਣੀ, ਜਤਿੰਦਰਪਾਲ ਸਿੰਘ ਸੈਣੀ ਤੇ ਜਗਜੀਤ ਸਿੰਘ ਸੈਣੀ ਨੂੰ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਸਾਬਕਾ ਕੌਂਸਲਰ ਰਵੇਲ ਸਿੰਘ ਸੈਣੀ, ਕੁਲਦੀਪ ਸਿੰਘ ਸੈਣੀ ਅਤੇ ਚਾਂਦ ਸੈਣੀ ਨੂੰ ਵੀ ਅਹਿਮ ਅਹੁਦੇ ਦਿੱਤੇ ਗਏ। ਪ੍ਰਧਾਨ ਕਾਮਰੇਡ ਲਵਲੀਨ ਸਿੰਘ ਸੈਣੀ, ਮੀਤ ਪ੍ਰਧਾਨ ਹਰਬੰਸ ਸਿੰਘ ਸੈਣੀ, ਸੀਨੀਅਰ ਮੀਤ ਪ੍ਰਧਾਨ ਗਿਆਨ ਸਿੰਘ ਸੈਣੀ ਅਤੇ ਪਟਿਆਲਾ ਇਕਾਈ ਦੇ ਜਨਰਲ ਸਕੱਤਰ ਰਣ ਸਿੰਘ ਸੈਣੀ ਨੇ ਜਲੰਧਰ ਯੂਨਿਟ ਦੇ ਚੁਣੇ ਗਏ ਅਹੁਦੇਦਾਰਾਂ ਨੂੰ ਸਿਰੋਪਾਓ ਭੇਟ ਕਰਕੇ ਵਧਾਈ ਦਿੱਤੀ। ਇਸ ਮੌਕੇ ਸੈਣੀ ਭਾਈਚਾਰੇ ਦੇ ਬੁੱਧੀਜੀਵੀ ਇੰਜੀਨੀਅਰ ਕੁਲਦੀਪ ਸਿੰਘ ਸੈਣੀ, ਬਲਜੀਤ ਸਿੰਘ ਸੈਣੀ, ਇਕਬਾਲ ਸਿੰਘ ਸੈਣੀ, ਤ੍ਰਿਲੋਚਨ ਸਿੰਘ ਸੈਣੀ, ਹਰਵਿੰਦਰ ਸਿੰਘ ਸੈਣੀ, ਪਰਮਜੀਤ ਸਿੰਘ ਸੈਣੀ, ਹਰਪ੍ਰੀਤ ਸਿੰਘ ਸੈਣੀ, ਸੁਖਬੀਰ ਸਿੰਘ ਸੈਣੀ, ਰਵੇਲ ਸਿੰਘ ਸੈਣੀ ਤੇ ਅਸ਼ਵਨੀ ਸੈਣੀ ਆਦਿ ਵੀ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਲਵਲੀਨ ਸਿੰਘ ਸੈਣੀ ਨੇ ਕਿਹਾ ਕਿ ਅਖਿਲ ਭਾਰਤੀ ਸੈਣੀ ਸੇਵਾ ਸਮਾਜ ਭਾਰਤ ਵਿੱਚ ਸਮਾਜ ਨੂੰ ਸੰਗਠਿਤ ਕਰਕੇ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾਅ ਰਿਹਾ ਹੈ। ਚੀਫ਼ ਕੋਆਰਡੀਨੇਟਰ ਜੋਗਿੰਦਰ ਸਿੰਘ ਸੈਣੀ ਨੇ ਕਿਹਾ ਕਿ ਉਹ ਆਪਣੀ ਟੀਮ ਦੇ ਸਹਿਯੋਗ ਨਾਲ ਸੈਣੀ ਭਾਈਚਾਰੇ ਨੂੰ ਹੋਰ ਵੀ ਜਥੇਬੰਦ ਕਰਨਗੇ। ਇਸ ਮੌਕੇ ਸਾਰਿਆਂ ਨੇ ਮਹਾਰਾਜਾ ਸ਼ੂਰ ਸੈਣੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜੋ ਕਿ ਸੈਣੀ ਭਾਈਚਾਰੇ ਦੇ ਵੰਸ਼ਜ ਹਨ।

**ਜੋਗਿੰਦਰ ਸਿੰਘ ਸੈਣੀ ਬਣੇ ਮੁੱਖ ਕੋਆਰਡੀਨੇਟਰ**


ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Nehru Garden Road, Jalandhar
RNI Regd. No:- 7107/59